# ਮਾਪੇ ਬਾਈਬਲ ਦੇ ਮੁਤਾਬਿਕ ਆਪਣੇ ਬੱਚਿਆਂ ਨੂੰ ਮਹਾਨ ਪਰਮੇਸ਼ਵਰ ਦੇ ਬਾਰੇ ਸਿਖਾਉਣ

**ਜੇਕਰ ਤੁਸੀ ਅਜੇ ਤਕ ਪੀ–ਟੀ (P-T) ਪੜਾਈ ਨੂੰ ਨਹੀ ਪੜਿਆ ਤਾਂ ਏ ਔ ਐਫ (AOf) ਪਾਦਰੀ ਪਦ ਦੇ ਉਮੀਦਵਾਰ ਚਰਵਾਹਿਆ ਲਈ, ਬੇਨਤੀ ਕਰਕੇ ਹੁਣ ਕਰੋ।**

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਮਾਤਾ ਪਿਤਾ ਦੀ ਸਹਾਇਤਾ ਕਰੋ ਕਿ ਉਹ ਆਪਣੇ ਬੱਚਿਆਂ ਨੂੰ ਤੁਹਾਡੀ ਆਗਿਆ ਦੀ ਪਾਲਨਾ ਕਰਨ ਦੀ ਸਿਖਿਆ ਦੇਣ, ਜਿਵੇ ਯਹੋਸ਼ੂਆ ਨੇ ਕੀਤਾ।''

ਇਹੋ ਜਿਹੀਆ ਚੀਜਾਂ ਨੂੰ ਚੁਣੋ, ਜਿਹੜੀਆਂ ਹਲਾਤਾਂ ਦੀ ਜਰੂਰਤ ਅਤੇ ਸਥਾਨਿਕ ਰੀਤੀ ਰਿਵਾਜਾਂ ਵਿੱਚ ਸਹੀ ਬੈਠਦੀਆ ਹਨ।

## 1. ਆਪਣੇ ਦਿੱਲਾਂ ਨੂੰ ਪ੍ਰਾਥਨਾ ਅਤੇ ਪਰਮੇਸ਼ਵਰ ਦੇ ਵੱਚਨ ਨਾਲ, ਪਰਮੇਸ਼ਵਰ ਦੇ ਵੱਚਨ ਬਾਰੇ ਸਿਖਾਉ।

**ਪਿੱਛੋਕੜ:–** ਪਰਮੇਸ਼ਵਰ ਨੇ ਆਪਣੇ ਲੋਕਾ ਨੂੰ ਮਿਸਰ ਦੀ ਗੁਲਾਮੀ ਤੋਂ ਬਚਾਉਣ ਤੋਂ ਬਾਦ, ਉਨਾ ਨੇ ਉਹਦਾ ਕਹਿਣਾ ਨਹੀ ਮੰਨਿਆ ਤੇ ਉਹ, ਵਾਹਦੇ ਦੇ ਦੇਸ਼ ਵਿੱਚ ਪਹੁੰਚ ਨਹੀ ਸਕੇ। ਜਿਹੜਾ ਉਸਨੇ ਉਨ੍ਹਾਂ ਨੂੰ ਦੇਣ ਦਾ ਇਕਰਾਰ ਕੀਤਾ ਸੀ। ਉਹ ਜਿਹੜੇ ਮੂਰਤੀ ਪੁਜਕ ਅਤੇ ਦੁਸ਼ਟ ਉੱਥੇ ਰਹਿੰਦੇ ਸਨ, ਉਹਨਾਂ ਤੋਂ ਡਰਦੇ ਸਨ। ਪਵਿੱਤਰ ਪਰਮੇਸ਼ਵਰ ਨੇ ਉਨ੍ਹਾਂ ਨੂੰ 40 ਵਰ੍ਹਿਆਂ ਤੀਕਰ ਭੱਟਕਦੇ ਫਿਰਨ ਲਈ ਮਰੂਥਲ ਉੱਤੇ ਛੱਡ ਦਿੱਤਾ, ਕਿਉਕਿ ਉਹ ਵਿਸ਼ਵਾਸ ਨਹੀ ਕਰਦੇ ਸਨ। ਬਾਦ ਵਿੱਚ ਜਦੋਂ ਉਨ੍ਹਾਂ ਨੇ ਦਰਿਆ ਯਰਦਨ ਪਾਰ ਕੀਤਾ ਤਾਂ ਉਹ ਬਹੁਤ ਵੱਡੀ ਇਤਿਹਾਸਿਕ ਘਟਨਾ ਸੀ, ਕਿਉਕਿ ਪਰਮੇਸ਼ਵਰ ਦੇ ਲੋਕ ਜਿਹੜੇ ਵਿਸ਼ਵਾਸੀ ਤੇ ਸਾਹਸੀ ਸਨ, ਉਸ ਵਾਹਿਦੇ ਦੀ ਧਰਤੀ ਉੱਤੇ ਪਹੁੰਚ ਸੱਕੇ।

**ਯਹੋਸ਼ੂਆ 3:14-4:6 ਵਿੱਚ ਲੱਭੋ।**

- ਪਰਮੇਸ਼ਵਰ ਨੇ ਕਿਉਂ ਆਪਣੇ ਲੋਕਾਂ ਨੂੰ ਕਿਹਾ ਸੀ ਕਿ ਦਰਿਆ ਯਰਦਨ ਦੇ ਕੰਢੇ ਪੱਥਰਾਂ ਦੇ ਢੇਰ ਲਾਉ। (ਉੱਤਰ, ਯਹੋਸਆ 4:6-7) ਜਿਹੜੇ ਪੱਥਰ ਸਨ ਉਹ ਪਸਹ ਦੇ ਵੈਦੀਹਾਰ ਦੇ ਵਾਰਗ ਸਨ, ਉਹ ਬੱਚਿਆ ਦੀ ਮੱਦਦ ਕਰਦੇ ਸੀ ਕਿ ਬੱਚੇ ਯਾਦ ਕਰਨ ਕਿ ਪਰਮੇਸ਼ਵਰ ਉਨਾ ਲਹੀ ਵੱਡੇ ਵੱਡੇ ਕੰਮ ਕੀਤਾ ਹਨ। ਕੂਚ 12:26-27 ਦੇ ਨਾਲ ਤੁਲਨਾ ਕਰੋ।
- ਕਿਹੜੇ ਇਸਰੇਲੀਆਂ ਨੇ ਸਭ ਤੋਂ ਪਹਿਲਾਂ ਦਰਿਆ ਯਰਦਨ ਦੇ ਵਿੱਚ ਪੈਰ ਰੱਖਿਆ? ਉਹ ਕਿਉਂ ਜਰੂਰੀ ਸੀ?

  (ਉੱਤਰ ਯਹੋਸ਼ਆ 3:14 ਜਿਹੜੇ ਜਾਜਕ ਨੇ ਪਵਿੱਤਰ ਵਾਚਾ ਦਾ ਸਦੂੰਕ ਚੁੱਕਿਆ ਹੋਇਆ ਸੀ, ਉਹ ਪਹਿਲਾਂ ਇਸਨੂੰ ਇਹ ਦੱਸ ਰਿਹਾ ਸੀ ਕਿ ਪਰਮੇਸ਼ਵਰ ਸਭਨਾ ਤੋਂ ਅੱਗੇ ਹੈ ਤੇ ਉਨਾ ਦੇ ਅੱਗੇ ਅੱਗੇ ਚੱਲਦਾ ਜਾ ਰਿਹਾ ਹੈ, ਜਿਸ ਤਰਾ ਯੀਸ਼ੂ ਮਸੀਹ ਵੀ ਉਸ ਵਾਦੇ ਦੇ ਦੇਸ਼, ਸੁਰਗ ਦੀਆ ਰਾਹਾਂ ਨੂੰ ਮਾਫ ਕਰਦਾ ਹੋਇਆ ਸਾਡੇ ਅੱਗੇ ਅੱਗੇ ਚਲਦਾ ਹੈ।
- ਕੀ ਵਾਪਰਿਆ, ਜਦੋ ਸਦੂੰਕ ਨੂੰ ਚੁੱਕੇ ਹੋਏ ਜਾਜ਼ਕਾਂ ਨੇ ਦਰਿਆ ਵਿੱਚ ਪੈਰ ਰੱਖਿਆ? *(ਯਹੋਸ਼ੂਆ 3:15)*
- ਉਹਨਾ 12 ਅਗਵਿਆ ਨੇ ਦਰਿਆ ਦੇ ਵਿੱਚ ਕੀ ਕੱਡਿਆ। *(ਯਹੋਸ਼ੂਆ 7:4:3)*।
- ਉਹਨਾਂ ਆਗੂਆਂ ਨੇ ਉਨ੍ਹਾਂ ਪੱਥਰਾਂ ਨੂੰ ਜਿਹੜੇ ਦਰਿਆ ਵਿੱਚੋ ਕੱਡੇ ਸਨ ਕਿਥੇ ਰੱਖਿਆ (ਯਹੋਸ਼ੂਆ 4:8)



ਬੱਚਿਆਂ ਨੂੰ ਮਸੀਹ ਸਿੱਖਿਆ ਤੇ ਅਨੁਸ਼ਾਸਨ ਸਿਖਾਉ।

- ਬੱਚਿਆਂ ਦੇ ਪਿਤਾ ਨੂੰ ਇਹ ਸਿੱਖਿਆ ਲੈਣੀ ਚਾਹੀਦੀ ਹੈ। *(ਅਫਸੀਆ 6:4)*
- ਬੱਚਿਆਂ ਨਾਲ ਹਰ ਰੋਜ ਬਾਈਬਲ ਦੀ ਸਿੱਖਿਆ ਤੇ ਪ੍ਰਾਥਨਾ ਕਰੋ (ਵਿਵਸਥਾ ਸਾਰ 6:7 ਬਾਪ)

- ਪਰਮੇਸ਼ਵਰ ਦੇ ਵਚਨਾ ਨੂੰ ਆਪਣੇ ਬੱਚਿਆ ਸ਼ੇਰ ਦੇ ਦੁਆਰਾ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁਚਾਈ) (ਜਬੂਰ ਦੀ ਪੋਥੀ 78:3-7)
- ਬੱਚਿਆਂ ਨੂੰ ਸਿੱਧੇ, ਬਾਈਬਲ ਤੋ ਸਿੱਖਿਆ ਦਿਉ। (ਵਿਵਸਥਾ ਸਾਰ 31-12) ਉਨਾ ਨੂੰ ਬਾਈਬਲ ਦੀਆ ਕਹਾਣੀਆ ਦੱਸੋ।
- ਛੋਟਿਆ ਬੱਚਿਆ ਕਰਕੇ ਦਿਖਾਣ, 1 ਨੂਹ ਦੇ ਬਾਰੇ ਵਿੱਚ ਦੱਸੋ, ਉਹ ਜਾਨਵਰਾਂ ਦੇ ਪਾਰਟ ਕਰਨ ਜਿਵੇ ਖਰਗੋਸ਼ ਦੀ ਤਰ੍ਹਾਂ ਕੁਦਣਾ, ਸ਼ੇਰ ਵਾਗ ਦਹਾੜਣਾ।
- ਜੇ ਬੱਚੇ ਥੋੜੇ ਵੱਡੇ ਹਨ ਥੋੜੇ ਵੇਲੇ ਵਾਸਤੇ ਉਹ ਧਿਆਣ ਕਰਣ, ਉਨਾ ਨੂੰ ਵੱਡੀਆ ਵੱਡੀਆ ਮੰਨਨ ਵਾਸਤੇ ਮਜਬੂਰ ਨਾ ਕਰੋ।
- ਵੱਡੇ ਬੱਚੇ, ਛੋਟਿਆਂ ਨੂੰ ਸਿਖਾਣ। ਇੱਕ ਉਮਰ ਦੇ ਬੱਚਿਆਂ ਦੇ ਸਮੂਹ ਨਾ ਬਣਾਉ।
- ਵੱਡੇ ਬੱਚੇ ਕੁਝ ਚੀਜਾਂ ਬਣਾਉਣ ਤੇ ਬਾਈਬਲ ਦੇ ਅਧਾਰ ਉੱਤੇ ਕਹਾਣੀਆਂ ਤੇ ਨਾਟਕ ਕਰਨ, ਅਤੇ ਖੇਡਾ ਖੇਡਣ।
- ਬੱਚੇ ਵੱਡਿਆਂ ਨਾਲ ਮਿਲਕੇ ਪ੍ਰਾਥਨਾ ਵਿੱਚ ਕੁਝ ਗੰਭੀਰ ਮੁਸ਼ਕਲਾਂ ਲਈ ਪ੍ਰਾਥਨਾ ਕਰਨ, ਜਿਵੇਂ ਅਜ਼ਰਾ 10:1 ਵਿੱਚ 2 ਇਤਿਹਾਸ 20:12-13
- ਬੱਚੇ ਵੱਡਿਆਂ ਨਾਲ ਮਿੱਲ ਕੇ ਕੁਝ ਪਵਿੱਤਰ ਰੀਤਾਂ ਨੂੰ ਮਨਾਉਣ। (ਨਿਹਮਯਾਹ 12:43)
- ਬੱਚੇ ਵੱਡਿਆ ਨਾਲ ਪਰਮੇਸ਼ਵਰ ਦੀ ਸਤੁਤਿ ਅਤੇ ਵਡਿਆਈ ਵਾਸਤੇ ਇੱਕਠੇ ਹੋਣ। ਜਬੂਰਾ ਦੀ ਪੋਥੀ 148 13:13, ਮੱਤੀ 21-15 ਤੋ 16
- ਬੱਚੇ ਵੱਡਿਆ ਨਾਲ ਮਿਲ ਕੇ ਯੀਸ਼ੂ ਦੇ ਸਿੱਖਿਆ ਸੁਨਣ। ਮੱਤੀ 14:21
- ਜਦੋ ਬੱਚੇ ਬੁਰਾ ਵਿਹਾਰ ਕਰਦੇ ਹਨ, ਤੱਦ ਉਨ੍ਹਾਂ ਨੂੰ ਪਿਆਰ ਨਾਲ ਸਿਖਾਉ, ਗੁੱਸੇ ਨਾਲ ਨਹੀਂ। ਕਹਾਵਤਾਂ 23:13, ਇੰਬਰਾਨੀਆ 12:6-11
- ਬੱਚਿਆਂ ਨੂੰ ਗੁੱਸਾ ਨਾ ਦਿਵਾਉ। ਵੱਡਿਆਂ ਨਾਲ ਨਫਰਤ ਕਰਕੇ, ਬੱਚਿਆਂ ਤੇ ਸਰਾਪ ਆਉਂਦਾ ਹੈ। ਅਫਸੀਆਂ 6:1-4, ਮਲਾਕੀ 4:6
- ਭੋਲੇ ਭਾਲੇ ਬੱਚਿਆ ਨੂੰ ਬੂਰੇ ਕੰਮ ਕਰਨ ਤੋ ਮਨ੍ਹਾਂ ਕਰੋ। ਮੱਤੀ 18:1-6
- ਬੱਚਿਆਂ ਨੂੰ ਯੀਸ਼ੂ ਮਸੀਹ ਦੇ ਪਿਆਰ ਤੇ ਮਾਫੀ ਵਾਲੇ ਸ਼ੁਭਾ ਬਾਰੇ ਵਿੱਚ ਦੱਸੋ। ਮਰਕੁਸ 10:13-16
- ਵੱਡੇ ਚਰਵਾਹੇ ਵਾਂਗ ਵਿਹਾਰ ਕਰੋ, ਤੱਦ ਹੀ ਤੁਸੀ ਆਪਣੇ ਬੱਚਿਆਂ ਨੂੰ ਠੀਕ ਰੱਖ ਸਕਦੇ ਹੋ 1 ਤਿਮੋਥਿਉਸ 3:4-5

**2. ਉਨ੍ਹਾਂ ਚੀਜਾਂ ਦੀ ਯੋਜਨਾ ਜਿਹੜੀਆਂ ਹਫਤੇ ਵਿੱਚ ਕਰਨੀਆਂ ਹੋਣ, ਉਸਦੀ ਯੋਜਨਾ ਆਪਣੇ ਸਾਥਿਆ ਨਾਲ ਮਿਲਕੇ ਬਣਾਉ।**

- ਮਾਪਿਆ ਕੋਲ ਜਾ ਕੇ ਉਨਾ ਨੂੰ ਦਿਖਾਉ ਕਿ ਆਪਣੇ ਘਰ ਵਿੱਚ ਬੱਚਿਆਂ ਕੀ ਸਿਖਾਉਣਾ ਹੈ।
- ਉਹ ਜਿਹੜੇ ਬੱਚਿਆਂ ਨੂੰ ਸਿਖਾਉਣ ਲਈ, ਰਾਹ ਦੇ ਨਿਸ਼ਾਨ ਦੀ ਸੂਚੀ ਪਹਿਲੇ ਹਿੱਸੇ ਵਿਚੋਂ ਇਸਤਮਾਲ ਕਰਦੇ ਹਨ, ਉਨ੍ਹਾਂ ਨੂੰ ਨਿਰਦੇਸ਼ ਦੇਣਾ।
- ਗੈਰ ਮਸੀਹ ਪਰਿਵਾਰ ਨੂੰ ਸੱਦਣਾ ਕਿ ਉਹ ਆਪਣੇ ਬੱਚਿਆਂ ਨੂੰ ਇੰਨ੍ਹਾਂ ਚੀਜਾਂ ਵਿੱਚ ਹਿੱਸਾ ਦਿਵਾਉਣ ਜਿੰਨ੍ਹਾਂ ਤੋ ਉਨ੍ਹਾਂ ਨੂੰ ਆਨੰਦ ਮਿਲੇਗਾ।

**3. ਆਪਣੇ ਸਾਥੀਆਂ ਨਾਲ ਮਿੱਲ ਕੇ ਆਉਣ ਵਾਲੀ ਅਰਾਧਨਾ ਸਭਾ ਦੇ ਵੇਲੇ ਦੀ ਯੋਜਨਾ ਬਣਾਉ।**

ਸਮਝਾਉ ਕਿ ਪਰਮੇਸ਼ਵਰ ਨੇ ਲੋਕਾ ਨੂੰ ਯਰਦਨ ਦਰਿਆ ਦੇ ਕੰਡਿਆ ਉੱਤੇ ਯਾਦਗਾਰੀ ਪੱਥਰ ਰੱਖਣ ਲਈ ਕਿਉਂ ਕਿਹਾ। (ਪਹਿਲਾ ਹਿੱਸਾ ਦੇਖੋ)

ਸਮਝਾਉ, ਕਿਵੇਂ ਮਸੀਹਾ ਬੱਚਿਆਂ ਨੂੰ ਨਿਰਦੇਸ਼ ਅਤੇ ਅਨੁਸ਼ਾਸਨ ਦਿੰਦਾ ਹੈ (ਪਹਿਲਾ ਹਿੱਸਾ ਦੇਖੋ)

ਯਰਦਨ ਦਰਿਆ ਪਾਰ ਕਰਕੇ ਹੀ ਕਹਾਣੀ ਦਾ ਨਾਟਕ ਤਿਆਰ ਕਰੋ। ਬੱਚਿਆਂ ਨੂੰ ਮੱਦਦ ਕਰਨ ਲਈ ਆਖੋ।

- ਬਾਲਿਗਾਂ ਨੂੰ ਨਾਟਕ ਦੇ ਇਹ ਕਿਰਦਾਰ, ਕਰਨ ਲਈ ਦਿਉ, ਵਾਚਕ, ਯਹੋਸ਼ੂਆ ਅਤੇ ਪੱਥਰ ਚੁੱਕਣ ਵਾਲੇ। ਪੱਥਰ ਚੁੱਕਣ ਵਾਲੇ ਵੱਡੀਆ ਵੱਡੀਆ ਇੱਟਾ ਆਪਣੇ ਕੋਲ ਤਿਆਰ ਰੱਖੋ। ਜਿਸ ਜਗ੍ਹਾ ਤੇ ਇਹ ਕਰਕੇ ਵਿਖਾਉਣਾ ਹੈ। ਉਥੇ ਬਿੱਲਕੁਲ ਵਿਚਕਾਰ ਰੱਖੋ।

- ਬੱਚਿਆਂ ਨੂੰ ਇਹ ਹਿੱਸਾ ਕਰਨ ਲਈ ਦਿਉ, ਇਸਰਾਏਲੀਆ ਅਤੇ ਚਾਰ ਜਾਜਕ। (ਜਿਹੜੇ ਇੱਕ ਵੱਡੇ ਸਦੂੰਕ ਨੂੰ ਚੁੱਕਦੇ ਹੋਏ ਦਿਖਾਉਣ)

**ਵਾਚਕ:–** (ਯਹੋਸ਼ੂਆ 3:14–17 ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੇ, ਤੱਦ ਆਖੇ, ''ਸੁਣੋ ਯਹੋਸ਼ੂਆ ਇਸਰਾਏਲੀਆਂ ਨੂੰ ਕੀ ਕਹਿ ਰਿਹਾ ਹੈ, ਉਹ ਜਿਹੜੇ ਵਾਧੇ ਦੇ ਧਰਤੀ ਉੱਤੇ ਵੜ ਰਹੇ ਹਨ।''

**ਯਹੋਸ਼ੂਆ:–** ਅਸੀਂ ਯਰਦਨ ਦਰਿਆ ਨੂੰ ਪਾਰ ਲੰਘਣ ਲੱਗੇ ਹਾਂ ਇਥੇ ਹੜ੍ਹ ਆਇਆ ਹੋਇਆ ਹੋ, ਪਰ ਪਰਮੇਸ਼ਵਰ ਸਾਨੂੰ ਇਥੋ ਕੱਢ ਕੇ ਸੁੱਕੀ ਧਰਤੀ ਤੇ ਲੈ ਕੇ ਜਾਉਗਾ। ਇੰਤਜਾਰ ਕਰੋ ਕਿ ਉਹ ਕੀ ਕਰਦਾ ਹੈ? ਜਾਜਕ, ਪਰਮੇਸ਼ਵਰ ਦੇ ਕਾਨੂੰਨ (ਨੇਮ) ਦਾ ਸਦੂੰਕ ਲੈਕੇ ਆਪਣੇ ਪੈਰ ਪਾਣੀ ਵਿੱਚ ਪਾਉਣ।

**ਚਾਰ ਜਾਜਕ:** ਆਪਣੇ ਸਿਰਾ ਉੱਤੇ ਸਦੂੰਕ ਰੱਖ ਕੇ ਪੱਥਰਾਂ ਵੱਲ ਚਲਣ, ਤੇ ਆਖਣ ''ਦੇਖੋ ਉਹ ਉੱਚੀ ਧਾਰ। ਪਾਣੀ ਵਧਦਾ ਜਾ ਰਿਹਾ ਹੈ। (ਪੱਥਰਾ ਕੋਲ ਜਾਉ ਤੇ ''ਦਰਿਆ'' ਨੂੰ ਪਾਰ ਕਰੋ)

**ਇਸਰਾਏਲੀ** (ਜਾਜਕਾਂ ਦੇ ਪਿੱਛੇ ਦਰਿਆ ਪਾਰ ਕਰਨ) ਉਹ ਆਖਣ, ''ਦੇਖੋ ਧਰਤੀ ਸੁੱਕੀ ਹੈ। ''ਅਸੀ ਸੁੱਕੀ ਧਰਤੀ ਉੱਤੇ ਚੱਲ ਰਹੇ ਹਾਂ।''

**ਪੱਥਰ ਚੁੱਕਣ ਵਾਲੇ ਅਤੇ ਯਹੋਸ਼ੂਆ–** ਬੱਚਿਆਂ ਦੇ ਪਿੱਛੇ ਚੱਲ ਕੇ ਦਰਿਆ ਪਾਰ ਕਰਨ। ਹੁਣ ਪੱਥਰ ਚੁੱਕਣ ਦੀ ਜਰੂਰਤ ਨਹੀ ਹੈ। ਇਸ ਤਰ੍ਹਾਂ ਚੀਜਾਂ ਬਾਰੇ ਕਹੋ, ''ਪਰਮੇਸ਼ਵਰ ਨੇ ਦਰਿਆ ਪਿੱਛੇ ਬੰਨ ਦਿੱਤਾ ਹੈ।'' ਇਹ ਤਾ ਕਰਾਮਾਤ ਹੈ।'' ''ਪਰਮੇ ਸ਼ਵਰ ਸਾਡੀ ਮੱਦਦ ਕਰ ਰਿਹਾ ਹੈ।''

**ਵਾਚਕ:** ਯਹੋਸ਼ੂਆ 4:1–7 ਵਿੱਚੋ ਕਹਾਣੀ ਦਾ ਦੂਸਰਾ ਹਿੱਸਾ ਦੱਸੇ, ਤਦ ਆਖੇ ''ਸੁਣੋ ਯਹੋਸ਼ੂਆ ਇਸਰਾਈਲ ਦੇ 12 ਗੋਤਾਂ ਦੇ ਅਗੂਆਂ ਨੂੰ ਕੀ ਕਹਿੰਦਾ ਹੈ?''

**ਯਹੋਸ਼ਆਂ:–** ਹੁਣ ਪਾਰ ਕਰ ਲਿਆ, ਬਾਰ੍ਹਾਂ ਤਕੜੇ ਆਦਮੀਆਂ ਨੂੰ ਦਰਿਆ ਦੇ ਵਿਚਕਾਰੋ ਪੱਥਰ ਚੁੱਕਣ ਲਈ ਚੁਣ ਲਉ। ਇਹ ਪੱਥਰ ਸਾਡੇ ਬੱਚਿਆਂ ਨੂੰ ਇਹ ਯਾਦ ਰੱਖਣ ਵਿੱਚ ਮੱਦਦ ਕਰਨ, ਕਿ ਅੱਜ ਦੇ ਦਿੰਨ ਪਰਮੇਸ਼ਵਰ ਨੇ ਕੀ ਕੀਤਾ।''

**ਪੱਥਰ ਚੁੱਕਣ ਵਾਲੇ:–** ਪੱਥਰ ਲੈਣ, ਇਸ ਤਰ੍ਹਾਂ ਦਿਖਾਉਣ ਜਿਵੇਂ ਇਹ ਬਹੁਤ ਭਾਰੀ ਹਨ। ਉਥੇ, ਜਾਜਕ ਜਿਥੇ ਖੜੇ ਹਨ ਉਥੇ ਉਨਾ ਕੋਲ ਦੇਰ ਲਾਉਣ।

**ਇਸਰਏਲੀ:–** ''ਇਹ ਪੱਥਰਾ ਦਾ ਢੇਰ ਲਾਉਣ ਦਾ ਕੀ ਮਤਲਬ ਹੈ।''

**ਯਹੋਸ਼ਆਂ:–** ''ਇਹ ਤੁਹਾਨੂੰ ਇਹ ਯਾਦ ਕਰਾਉਣ ਵਾਸਤੇ ਹੈ ਕਿ ਪਰਮੇਸ਼ਵਰ ਨੇ ਅੱਜ ਦੇ ਦਿੰਨ ਤੁਹਾਡੇ ਵਾਸਤੇ ਕੀ ਕੀਤਾ।''

**ਵਾਚਕ,** ਇਹ ਦੱਸੇ ਕਿ ਨਾਟਕ ਖਤਮ ਹੋ ਗਿਆ ਹੈ ਤੇ ਉਨ੍ਹਾਂ ਸਭਦਾ ਧੰਨਵਾਦ ਕਰੇ ਜਿੰਨਾ ਨੇ ਮੱਦਦ ਕੀਤੀ ਹੈ।

**ਹੋਰਨਾ** ਉਦਾਹਰਣਾ ਨਾਲ ਵੀ ਆਪਸ ਵਿੱਚ ਸਲਾਹ ਮਸਵਰਾ ਕਰੋ ਕਿ ਅਸੀਂ ਪਰਮੇਸ਼ਵਰ ਦੇ ਕੰਮ ਨੂੰ ਯਾਦ ਕਰੀਏ, ਵਿਸ਼ਵਾਸੀਆਂ ਨੂੰ ਉਦਾਹਰਣਾ ਦੇਣ ਲਈ ਆਖੋ।

ਵਿਸ਼ਵਾਸੀਆ ਨੂੰ ਹੁਣ ਗਵਾਹੀਆ ਦੇਣ ਦਿਉ, ਕਿਵੇਂ ਬੱਚਿਆਂ ਨੂੰ ਘਰ ਵਿੱਚ ਸਿੱਖਿਆ ਦੇਣ ਕਰਕੇ ਅਸੀਸਾਂ ਪ੍ਰਾਪਤ ਹੋਈਆਂ।

ਬੱਚਿਆ ਨੂੰ ਉਹ ਪੇਸ਼ ਕਰਨ ਦਿਉ, ਜਿਹੜੀਆਂ ਉਨ੍ਹਾਂ ਨੇ ਤਿਆਰ ਕੀਤੀਆ ਹਨ।

ਪ੍ਰਭੂ ਭੋਜ ਪੇਸ਼ ਕਰਨ ਲਈ ਕਹੋ, ਪੜ੍ਹੋ ਲੂੱਕਾ 11:10–13 ਪ੍ਰਭੂ ਭੋਜ ਵਿੱਚ ਚੰਗਾ ਦਾਨ ਹੈ, ਜਿਹੜਾ ਸਾਡੇ ਪਰਮੇਸ਼ਵਰ ਸੁਰਗੀ ਪਿਤਾ ਨੇ ਉਹਨਾਂ ਬੱਚਿਆ ਲਈ ਸਾਨੂੰ ਦਿੱਤਾ।

ਯਾਦ ਕਰੋ ਇੱਕਠੇ ਅਫਸੀਆਂ 6:4

ਦੋ ਜਾ ਤਿੰਨ ਲੋਕਾ ਦੇ ਸਮੂਹਾਂ ਬਣਾ ਕੇ, ਪ੍ਰਾਥਨਾ ਕਰੋ ਅਤੇ ਉਹ ਯੋਜਨਾਵਾ ਨੂੰ ਜਾਣੋ, ਜਿੰਨਾ ਨੂੰ ਘਰਾ ਅਤੇ ਸਭਾਵਾਂ ਦੇ ਵਿਚਕਾਰ ਬੱਚਿਆਂ ਨੂੰ ਸਿਖਾਣਾ ਹੈ, ਅਤੇ ਇੱਕ ਦੂਜੇ ਦਾ ਹੌਸਲਾ ਵਧਾਉ।

Copyright 2004 © by Paul-Timothy. May be freely copied. Download from www.Paul-Timothy.net